DLSA/01/12.11.2025

Annexure-A

ਦਫਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਡੀਸ਼ਨਲ ਬਲਾਕ, ਗਰਾਊਂਡ ਫਲੋਰ, ਏ.ਡੀ.ਆਰ. ਸੈਂਟਰ, ਜਿਲ੍ਹਾ ਕਚਹਿਰੀਆਂ ਕੰਪਲੈਕਸ, ਲੁਧਿਆਣਾ (ਫੋਨ ਨੰਬਰ 0161-2400051)

ਪਬਲਿਕ ਨੋਟਿਸ

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਦੀ ਸੋਧੀ (Revised) ਪੈਰਾ ਲੀਗਲ ਵਲੰਟੀਅਰ ਸਕੀਮ ਤਹਿਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਲਈ ਸਵੈ-ਇੱਛਾ (Volunterly) ਨਾਲ ਕੰਮ ਕਰਨ ਦੇ ਚਾਹਵਾਨ, ਜਿਲ੍ਹਾ ਲੁਧਿਆਣਾ ਦੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਦੇ ਪੱਕੇ ਵਸਨੀਕ, ਪੜ੍ਹੇ-ਲਿਖੇ, ਯੋਗ ਅਤੇ ਸਮਾਜ ਸੇਵਾ ਦੀ ਭਾਵਨਾ ਰੱਖਣ ਵਾਲੇ ਵਿਅਕਤੀਆਂ ਵਿੱਚੋਂ ਯੋਗ Para Legal Volunteers ਦੀ ਚੋਣ ਕੀਤੀ ਜਾਣੀ ਹੈ। ਘੱਟੋ-ਘੱਟ ਦਸਵੀਂ ਪਾਸ ਜਾਂ ਇਸ ਤੋਂ ਵੱਧ ਪੜ੍ਹੇ-ਲਿਖੇ ਹੇਠ ਦਰਸਾਈਆਂ ਗਈਆਂ ਕੈਟਾਗਰੀਆਂ ਨਾਲ ਸਬੰਧਤ ਅਜਿਹੇ ਵਿਅਕਤੀ ਜੋ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਜਾਂ ਉਪ ਮੰਡਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀਆਂ- ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਲਈ ਸਵੈ-ਇੱਛਾ ਨਾਲ ਬਤੌਰ ਪੈਰਾ ਲੀਗਲ ਵਲੰਟੀਅਰ ਕੰਮ ਕਰਨ ਦੇ ਚਾਹਵਾਨ ਹੋਣ, ਆਪਣੀ ਦਰਖਾਸਤ ਨਾਲ ਨੱਥੀ ਨਿਰਧਾਰਤ ਪ੍ਰੋਫਾਰਮੇ ਵਿੱਚ ਭਰਕੇ ਮਿਤੀ **15.11.2025** ਸ਼ਾਮ 05:00 ਵਜੇ ਤੱਕ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੇ ਦਫਤਰ ਵਿੱਚ ਦੇ ਸਕਦੇ ਹਨ:

* Teachers (including retired teachers)
* Retired Government servants and senior citizens
* M.S.W. students and teachers.
* Anganwadi Workers
* Doctors/Physicians
* Students & Law Students (till they enroll as lawyers)
* Members of non-political, service oriented NGOs and Clubs
* Members of Women Neighborhood Groups, Maithri Sanghams and other Self Help Groups including of marginalized/vulnerable groups
* Educated prisoners with good behaviour, serving long term sentences in prisons
* Any person who can perform rallies, nukkad nataks, school programmes etc.
* Any other person who is interested for Social Service

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਪੈਰਾ ਲੀਗਲ ਵਲੰਟੀਰਜ਼ ਵੱਜੋਂ ਚੁਣੇ ਗਏ ਵਿਅਕਤੀਆਂ ਨੂੰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਤ ਕੀਤੇ ਜਾਣ ਵਾਲੇ ਮਾਣ-ਭੱਤੇ (Honorarium) ਤੋਂ ਇਲਾਵਾ ਕਿਸੇ ਕਿਸਮ ਦੀ ਤਨਖਾਹ (Salary) ਜਾਂ ਮਿਹਨਤਾਨੇ (Remuneration) ਜਾਂ ਉਜਰਤਾਂ (Wages) ਦੀ ਅਦਾਇਗੀ ਨਹੀਂ ਕੀਤੀ ਜਾਵੇਗੀ ਅਤੇ ਕੇਵਲ ਕੰਮ ਵਾਲੇ ਦਿਨ ਦੀ ਨਿਯਮਾਂ ਅਨੁਸਾਰ ਬਣਦੀ ਮਾਣ-ਭੱਤੇ (Honorarium) ਦੀ ਅਦਾਇਗੀ ਕੀਤੀ ਜਾਵੇਗੀ । ਪੈਨਲ ਲਈ ਚੁਣੇ ਗਏ ਵਿਅਕਤੀਆਂ ਨੂੰ ਸਮੇਂ-ਸਮੇਂ ਲੋੜ ਅਨੁਸਾਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਜਾਂ ਉਪ ਮੰਡਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀਆਂ-ਜਗਰਾਓਂ, ਖੰਨਾ, ਸਮਰਾਲਾ ਅਤੇ ਪਾਇਲ ਦੀਆਂ ਵੱਖ-ਵੱਖ ਗਤੀਵਿਧੀਆਂ ਲਈ ਕੰਮ ਸੌਂਪੇ ਜਾ ਸਕਦੇ ਹਨ ।

ਵਿਸ਼ੇਸ਼ ਨੋਟ :- ਅਪਲਾਈ ਕਰਨ ਵਾਲੇ ਉਮੀਦਵਾਰ ਦੇ ਖਿਲਾਫ ਜਿਲ੍ਹਾ ਲੁਧਿਆਣਾ (ਸਮੇਤ ਸਬ-ਡਵੀਜਨਾਂ) ਅਧੀਨ ਕਿਸੇ ਵੀ ਨਿਆਂਇਕ ਅਦਾਲਤ ਵਿੱਚ ਕੋਈ ਸਿਵਲ ਜਾਂ ਫੌਜਦਾਰੀ ਕੇਸ ਲੰਬਤ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਉਮੀਦਵਾਰ ਨੂੰ ਕਿਸੇ ਕੇਸ ਵਿੱਚ ਕਿਸੇ ਨਿਆਂਇਕ ਅਦਾਲਤ ਵੱਲੋਂ ਕਦੇ ਕੋਈ ਸਜ਼ਾ ਸੁਣਾਈ ਗਈ ਹੋਵੇ।

ਸਕੱਤਰ
ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ
ਲੁਧਿਆਣਾ

ਮਿਤੀ: 12.11.2025

ਪੈਰਾ ਲੀਗਲ ਵਲੰਟੀਅਰ ਬਣਨ ਲਈ ਦਰਖਾਸਤ ਭੇਜਣ ਲਈ ਪ੍ਰੋਫਾਰਮਾ

ਇੱਥੇ ਫੋਟੋ
ਲਗਾਈ ਜਾਵੇ

1. ਨਾਮ : ____________________

2. ਪਿਤਾ/ਪਤੀ ਦਾ ਨਾਮ : ____________________

3. ਉਮਰ : ____________________

4. ਕੈਟਾਗਰੀ : ____________________

5. ਘਰ ਦਾ ਪੱਕਾ ਪਤਾ : ____________________

____

____

6. ਪੱਤਰ-ਵਿਹਾਰ ਲਈ ਪਤਾ : ____________________

____

7. ਵਿਦਿਅਕ ਯੋਗਤਾਵਾਂ : ____________________

8. ਕੰਮ ਦਾ ਖੇਤਰ : ____________________

9. ਤਜ਼ਰਬਾ (ਜੇਕਰ ਕੋਈ ਹੋਵੇ) : ____________________

10. ਕਿੱਥੇ ਕੰਮ ਕਰਨ ਦੇ ਇੱਛੁਕ ਹੋ
(ਜਿਲ੍ਹਾ ਪੱਧਰ ਤੇ/ਉਪ ਮੰਡਲ ਪੱਧਰ ਤੇ/
ਪਿੰਡ ਪੱਧਰ ਤੇ) : ____________________

11. ਮੋਬਾਇਲ ਨੰਬਰ (Mandatory) : ____________________

12. ਈ.ਮੇਲ ਆਈ.ਡੀ. : ____________________

ਉਮੀਦਵਾਰ ਦੇ ਦਸਤਖਤ